# 64

# ਯਿਸੂ ਦੀ ਗਿਰਫ਼ਤਾਰੀ

## (26:47-56)

ਜੈਤੂਨ ਦੇ ਪਹਾੜ ਤੇ ਯਿਸੂ ਅਤੇ ਇਕੱਠੇ ਹੋਏ ਗਿਆਰਾਂ ਰਸੂਲਾਂ ਦੇ ਨਾਲ ਦਗਾਬਾਜ਼ ਯਹੂਦਾ ਯਿਸੂ ਨੂੰ ਫੜਨ ਲਈ ਭੀੜ ਨੂੰ ਨਾਲ ਲੈ ਕੇ ਆਇਆ।

### ਯਹੂਦਾ ਦਾ ਦਗਾਬਾਜ਼ੀ ਦਾ ਚੁੰਮਾ (26:47-50)

**[47]ਉਹ ਅਜੇ ਬੋਲਦਾ ਹੀ ਸੀ ਕਿ ਵੇਖੋ ਯਹੂਦਾ ਜਿਹੜਾ ਉਨ੍ਹਾਂ ਬਾਰਾਂ ਵਿੱਚੋਂ ਇਕ ਸੀ ਆ ਪਹੁੰਚਿਆ ਅਤੇ ਪਰਧਾਨ ਜਾਜਕਾਂ ਅਰ ਲੋਕਾਂ ਦੇ ਬਜ਼ੁਰਗਾਂ ਦੀ ਵੱਲੋਂ ਇਕ ਵੱਡੀ ਭੀੜ ਤਲਵਾਰਾਂ ਅਤੇ ਡਾਂਗਾਂ ਫੜੀ ਉਹ ਦੇ ਨਾਲ ਸੀ। [48]ਅਤੇ ਉਹ ਦੇ ਫੜਵਾਉਣ ਵਾਲੇ ਨੇ ਉਨ੍ਹਾਂ ਨੂੰ ਇਹ ਕਹਿ ਕੇ ਪਤਾ ਦਿੱਤਾ ਸੀ ਭਈ ਜਿਹ ਨੂੰ ਮੈਂ ਚੁੰਮਾ ਉਹੋ ਹੈ, ਉਸ ਨੂੰ ਫੜ ਲੈਣਾ। [49]ਅਰ ਝੱਟ ਯਿਸੂ ਕੋਲ ਆਣ ਕੇ ਉਹ ਨੇ ਆਖਿਆ ਸੁਆਮੀ ਜੀ ਅਦੇਸ਼! ਅਤੇ ਉਸ ਨੂੰ ਚੁੰਮਿਆ। [50]ਤਾਂ ਯਿਸੂ ਨੇ ਉਹਨੂੰ ਆਖਿਆ, ਬੇਲੀਆ, ਕਿਵੇਂ ਆਇਆ? ਤਦ ਉਨ੍ਹਾਂ ਨੇ ਕੋਲ ਆਣ ਕੇ ਯਿਸੂ ਉੱਤੇ ਹੱਥ ਪਾਏ ਅਤੇ ਉਹ ਨੂੰ ਫੜ ਲਿਆ।**

**ਆਇਤ 47.** ਆਇਤ 46 ਵਿਚ ਯਿਸੂ ਦੇ ਹੁਕਮ ਦੇ ਸਖ਼ਤ ਲਹਿਜ਼ੇ ਨਾਲ ਭੀੜ ਦੀਆਂ ਮਸ਼ਾਲਾਂ ਅਤੇ ਦੀਵਿਆਂ ਨਾਲ ਆਉਣ ਦੇ ਦ੍ਰਿਸ਼ ਦੀ ਪ੍ਰੇਰਣਾ ਮਿਲੀ ਹੋਵੇਗੀ (ਯੂਹੰਨਾ 18:3)।[1] ਮੱਤੀ ਲਿਖਦਾ ਹੈ ਕਿ **ਉਹ ਅਜੇ ਬੋਲਦਾ ਹੀ ਸੀ ਕਿ ਵੇਖੋ ਯਹੂਦਾ** ਆਪਣੇ ਸਾਥੀਆਂ ਨੂੰ ਲੈ ਕੇ ਗਥਸਮਨੀ ਵਿਚ ਆ ਗਿਆ। ਮਤਲਬ ਇਹ ਹੈ ਕਿ ਜੇ ਯਿਸੂ ਨੇ ਅੱਗੇ ਵੱਧ ਰਹੀ ਭੀੜ ਨੂੰ ਨਾ ਵੇਖਿਆ ਹੁੰਦਾ ਤਾਂ ਉਸ ਨੇ ਆਪਣੇ ਚੇਲਿਆਂ ਨਾਲ ਹੋਰ ਗੱਲਾਂ ਕਰਨੀਆਂ ਸਨ।

ਯਹੂਦਾ ਦਾ ਆਉਣਾ 26:21 ਵਿਚਲੀ ਯਿਸੂ ਦੀ ਭਵਿੱਖਬਾਣੀ ਦਾ ਪੂਰਾ ਹੋਣਾ ਸੀ ਕਿ ''ਮੈਂ ਤੁਹਾਨੂੰ ਸਚ ਆਖਦਾ ਹਾਂ ਕਿ ਤੁਹਾਡੇ ਵਿੱਚੋਂ ਇਕ ਮੈਨੂੰ ਫੜਵਾਏਗਾ।'' ਅਤੇ ਹੋਰ ਸਾਫ਼ ਆਖੀਏ ਤਾਂ ਉਸ ਨੇ ਸੰਕੇਤ ਦਿੱਤਾ ਕਿ ਯਹੂਦਾ ਨੇ ਇਹ ਦਗਾਬਾਜ਼ੀ ਵਾਲਾ ਕੰਮ ਕਰਨਾ ਸੀ (26:25)। ਇੰਜੀਲ ਦੇ ਹਰ ਸਹਿਦਰਸ਼ੀ ਵਿਰਤਾਂਤਾਂ ਦੇ ਨਾਲ ਨਾਲ ਮੱਤੀ ਇਹ ਜ਼ੋਰ ਦਿੰਦਿਆਂ ਕਿ ਉਹ **ਉਨ੍ਹਾਂ ਬਾਰਾਂ ਵਿੱਚੋਂ ਇਕ ਸੀ** ਯਹੂਦਾ ਦੀ ਦਗਾਬਾਜ਼ੀ ਦੀ ਹੱਦ ਦਾ ਸੰਕੇਤ ਦਿੰਦਾ ਹੈ (ਵੇਖੋ ਮਰਕੁਸ 14:43; ਲੂਕਾ 22:47)।

ਯਹੂਦਾ **ਪਰਧਾਨ ਜਾਜਕਾਂ ਅਰ ਲੋਕਾਂ ਦੇ ਬਜ਼ੁਰਗਾਂ ਦੀ ਵੱਲੋਂ ਇਕ ਵੱਡੀ ਭੀੜ** ਦੇ ਨਾਲ ਸੀ। ਭੀੜ ਵਿਚ ਯਹੂਦੀ ਹੈਕਲ ਦੇ ਪਹਿਰੇਦਾਰਾਂ ਦੇ ਜੱਥੇ (ਲੂਕਾ 22:52) ਦੇ ਨਾਲ ਰੋਮੀ ਸੈਨਿਕਾਂ ਦੇ ਜੱਥੇ (ਯੂਹੰਨਾ 18:3, 12) ਵੀ ਸਨ। ਛੇ ਸੌ ਦੇ ਕਰੀਬ ਆਦਮੀਆਂ ਵਾਲਾ ਰੋਮੀ ਜੱਥਾ ਪੂਰੀ ਤਾਕਤ ਨਾਲ ਹੁੰਦਾ ਸੀ ਜਿਸ ਵਿਚ ਦਸ ਜਥਿਆਂ ਵਿਚ 6,000 ਬੰਦਿਆਂ ਦੀ ਫ਼ੌਜ ਬਣ ਜਾਂਦੀ ਸੀ। ਰੋਮੀ ਜਥਾ ਹੈਕਲ ਦੇ ਪਹਿਰੇਦਾਰਾਂ ਨਾਲ ਭੇਜਿਆ ਗਿਆ ਹੋ ਸਕਦਾ ਹੈ ਕਿਉਂਕਿ ਯਿਸੂ ਨੂੰ ਗਿਰਫ਼ਤਾਰ ਕਰ ਦੀ ਆਪਣੀ ਪਹਿਲੀ ਕੋਸ਼ਿਸ਼ ਵਿਚ ਉਹ ਖਾਲੀ ਹੱਥ ਆਏ ਸਨ (ਯੂਹੰਨਾ 7:32, 44–46)। ਰੋਮੀਆਂ ਹੈਕਲ ਦੇ ਪਹਿਰੇਦਾਰਾਂ ਨਾਲ ਇਸ ਕਰਕੇ ਵੀ ਭੇਜਿਆ ਗਿਆ ਹੋਵੇਗਾ ਕਿ ਯਿਸੂ ਨੂੰ ਮੁਰਦਾ ਨਹੀਂ ਬਲਕਿ ਜ਼ਿੰਦਾ ਲਿਆਉਣਾ ਹੈ।

**ਆਇਤਾਂ 48, 49. ਯਹੂਦਾ** ਦੂਜਿਆਂ ਦੇ ਅੱਗੇ ਅੱਗੇ ਆਉਂਦਾ ਨਜ਼ਰ ਆਉਂਦਾ ਹੈ। ਮੱਤੀ ਲੇ ਆਪਣੇ ਫੜ੍ਹਨ ਵਾਲਿਆਂ ਦੇ ਸਾਹਮਣੇ ਯਿਸੂ ਦੇ ਇਸ ਤਰ੍ਹਾਂ ਜਾਣ ਦੀ ਗੱਲ ਨਹੀਂ ਕੀਤੀ ਜਿਵੇਂ ਯੂਹੰਨਾ ਨੇ ਕਿਹਾ (ਯੂਹੰਨਾ 18:4–9)। ਭੀੜ ਦੇ ਆਪਣੇ ਕੋਲ ਆਉਣ ਦੀ ਉਡੀਕ ਕਰਨ ਦੀ ਥਾਂ ਪ੍ਰਭੂ ਉਨ੍ਹਾਂ ਕੋਲ ਆਪ ਚਲਿਆ ਗਿਆ ਅਤੇ ਪੁੱਛਣ ਲੱਗਾ, ''ਤੁਸੀਂ ਕਿਹ ਨੂੰ ਭਾਲਦੇ ਹੋ'' (ਯੂਹੰਨਾ 18:4)। ਜਦ ਉਨ੍ਹਾਂ ਜਵਾਬ ਦਿੱਤਾ, ''ਯਿਸੂ ਨਾਸਰੀ ਨੂੰ,'' ਤਾਂ ਉਸ ਨੇ ਆਖਿਆ, ''ਮੈਂ ਹੀ ਹਾਂ।'' ਸ਼ਾਇਦ ਉਸ ਦੀ ਨਿਡਰਤਾ ਤੋਂ ਹੈਰਾਨ ਭੀੜ ਪਿੱਛੇ ਨੂੰ ਹੋ ਕੇ ਜ਼ਮੀਨ ਤੇ ਡਿੱਗ ਪਈ (ਯੂਹੰਨਾ 18:5, 6)। ਇਕ ਵਾਰ ਫੇਰ ਯਿਸੂ ਨੇ ਪੁੱਛਿਆ, ਤੁਸੀਂ ਕਿਹ ਨੂੰ ਭਾਲਦੇ ਹੋ ਅਤੇ ਫੇਰ ਉਨ੍ਹਾਂ ਦੇ ਇਸ ਜਵਾਬ ਤੇ ਕਿ ''ਯਿਸੂ ਨਾਸਰੀ ਨੂੰ,'' ਉਸ ਦਾ ਜਵਾਬ ਸੀ, ''ਮੈਂ ਤਾਂ ਤੁਹਾਨੂੰ ਦੱਸ ਦਿੱਤਾ ਜੋ ਮੈਂ ਹੀ ਹਾਂ, ਸੋ ਜੇ ਤੁਸੀਂ ਮੈਨੂੰ ਭਾਲਦੇ ਹੋ ਤਾਂ ਇਨ੍ਹਾਂ ਨੂੰ ਜਾਣ ਦਿਓ'' (ਯੂਹੰਨਾ 18:7, 8)।

ਯਿਸੂ ਆਪਣੇ ਆਪ ਨੂੰ ਉਨ੍ਹਾਂ ਦੇ ਸਪੁਰਦ ਕਰਕੇ ਨਾ ਸਿਰਫ਼ ਆਪਣੇ ਰਸੂਲਾਂ ਦਾ ਬਚਾਅ ਕਰ ਰਿਹਾ ਹੋਵੇਗਾ ਬਲਕਿ ਉਹ ਯਹੂਦਾ ਲਈ ਉਸ ਦੀ ਉਸ ਨਾਲ ਦਗਾਬਾਜ਼ੀ ਕਰਨੀ ਵੀ ਬੇਲੋੜੀ ਬਣਾ ਰਿਹਾ ਸੀ। ਪਰ ਯਹੂਦਾ ਨੇ ਜਿਹੜੀ ਯੋਜਨਾ ਬਣਾਈ ਸੀ ਉਸ ਨੂੰ ਅੰਜਾਮ ਦੇਣ ਦੀ ਧਾਰ ਰੱਖੀ ਸੀ। ਮੁੱਢਲੀ ਗੱਲਬਾਤ ਦੇ ਬਾਅਦ ਯਹੂਦਾ ਸਿਪਾਹੀਆਂ ਨਾਲ ਕੀਤੇ ਪ੍ਰਬੰਧ ਦੇ ਮੁਤਾਬਿਕ **ਪਤਾ** ਦੇਣ ਲਈ **ਯਿਸੂ** ਕੋਲ ਗਿਆ ਅਤੇ **ਉਸ ਨੂੰ ਚੁੰਮਿਆ।** ਯਿਸੂ ਆਪਣੇ ਚੇਲਿਆਂ ਤੋਂ ਬਹੁਤਾ ਅੱਡ ਨਹੀਂ ਲੱਗ ਰਿਹਾ ਹੋਵੇਗਾ, ਖ਼ਾਸ ਕਰਕੇ ਹਨੇਰੇ ਵਿਚ। ਇਸ ਕਰਕੇ ਇਸ ਤੇ ਇਕ ਸਾਫ਼ ਨਿਸ਼ਾਨ ਦਾ ਫੈਸਲਾ ਲਿਆ ਗਿਆ ਸੀ ਜਿਸ ਤੋਂ ਸੰਕੇਤ ਮਿਲਣਾ ਸੀ ਕਿ ਕਿਸ **ਨੂੰ ਫੜ੍ਹ ਲੈਣ** ਹੈ।

ਯਿਸੂ ਨੇ ਉਸ ਤੋਂ ਪੁੱਛਿਆ, ''ਯਹੂਦਾ, ਭਲਾ ਤੂੰ ਮਨੁੱਖ ਦੇ ਪੁੱਤਰ ਨੂੰ ਚੁੰਮੇ ਨਾਲ ਫੜਵਾਉਂਦਾ ਹੈਂ'' (ਲੂਕਾ 22:48)। ਚੁੰਮੇ ਦੀ ਯਹੂਦਾ ਦੀ ਵਰਤੋਂ ਨੇ ਉਸ ਦੀ ਦਗਾਬਾਜ਼ੀ ਨੂੰ ਯਕੀਨੀ ਬਣਾ ਦਿੱਤਾ (ਵੇਖੋ 2 ਸਮੂਏਲ 20:9, 10)। ਆਖ਼ਰ ਚੁੰਮਾ ਦੋਸਤੀ ਦਾ ਸੰਕੇਤ ਦਿੰਦਾ ਸਲਾਮ ਸੀ। ਇਸ ਦੇ ਲਗਾਅ ਦੇ ਇਕ ਕੰਮ ਹੋਣ ਦਾ ਸਬੂਤ ਮੁੱਢਲੇ ਮਸੀਹੀ ਲੋਕਾਂ ਵਿਚ ਇਸ ਦੀ ਵਰਤੋਂ ਤੋਂ ਮਿਲਦਾ ਹੈ (ਰੋਮੀਆਂ 16:16; 1 ਕੁਰਿੰਥੀਆਂ 16:20; 2 ਕੁਰਿੰਥੀਆਂ 13:12; 1 ਥੱਸਲੁਨੀਕੀਆਂ 5:26; 1 ਪਤਰਸ 5:14)। **ਚੁੰਮਾ** ਲਈ ਯੂਨਾਨੀ ਕਿਰਿਆ ਸ਼ਬਦ ਆਇਤ 48 ਵਿਚ (*phileo*) ਤੋਂ ਆਇਤ 49 ਵਿਚ (*kataphileo*) ਬਣ ਜਾਂਦਾ ਹੈ। ਬਾਅਦ ਵਾਲਾ ਇਹ ਸ਼ਬਦ ''ਲਗਾਅ ਦੇ ਵਿਸਤਾਰ ਸਹਿਤ ਵਿਖਾਵੇ ਦਾ ਸੁਝਾਅ ਦਿੰਦਾ ਹੈ''[2] (ਵੇਖੋ ਲੂਕਾ 7:38, 45; 15:20; ਰਸੂਲਾਂ ਦੇ ਕੰਮ 20:37)। ਯਹੂਦਾ ਦੀ ਦਗਾਬਾਜ਼ੀ ਦੀ ਗਹਿਰਾਈ ਉਸ ਦੇ ਯਿਸੂ ਨੂੰ **ਸੁਆਮੀ ਜੀ** ਕਹਿਣ ਨਾਲ ਵੀ ਵੱਧ ਗਈ ਜਿਸ ਤੋਂ ਭਾਵ ਹੈ ''ਹੇ ਮੇਰੇ ਪ੍ਰਭੂ, ਮੇਰੇ ਮਾਲਕ।''

**ਆਇਤ 50.** ਸਿਰਫ਼ ਮੱਤੀ ਹੀ ਇਕੱਲਾ ਲੇਖਕ ਸੀ ਜਿਸ ਨੇ ਜੋੜਿਆ ਕਿ ਯਿਸੂ ਨੇ ਯਹੂਦਾ ਨੂੰ **ਬੇਲੀਆ** ਆਖਿਆ। ''ਦੋਸਤ'' ਲਈ ਇੱਥੇ ਵਰਤਿਆ ਗਿਆ ਸ਼ਬਦ ਬਹੁਤ ਨਜ਼ਦੀਕੀ ਸ਼ਬਦ *(philos)* ਨਹੀਂ ਬਲਕਿ (*hetairos*) ਹੈ ਜਿਸ ਦਾ ਬੇਹਤਰ ਅਨੁਵਾਦ ''ਸਾਥੀ'' ਹੈ। ਇਸ ਸ਼ਬਦ ਦੀ ਵਰਤੋਂ ਝਿੜਕ ਦੇ ਰੂਪ ਵਿਚ ਹੋ ਸਕਦੀ ਹੈ। ਜੋ ਕਿ ਇੱਥੇ ਦਿੱਤੀ ਗਈ ਹੈ (20:13 ਤੇ ਟਿੱਪਣੀਆਂ ਵੇਖੋ)।

ਮੱਤੀ ਇਹ ਲਿਖਣ ਵਾਲਾ ਇਕੱਲਾ ਲੇਖਕ ਸੀ ਕਿ ਯਿਸੂ ਨੇ ਯਹੂਦਾ ਨੂੰ ਆਖਿਆ, ''ਜਿਸ ਕੰਮ ਲਈ ਤੂੰ ਆਇਆ ਹੈਂ ਕਰ ਲੈ।'' ਸਾਡੇ ਲਈ ਯੂਨਾਨੀ ਭਾਸ਼ਾ ਵਿਚ ਇਹ ਗੱਲ ਅਸਪੱਸ਼ਟ ਹੈ ਅਤੇ ਇਸ ਦਾ ਅਨੁਵਾਦ ਇਕ ਸਵਾਲ ਦੇ ਰੂਪ ਵਿਚ ਹੋ ਸਕਦਾ ਹੈ, ਜਿਵੇਂ ਕਿ NKJV ਅਤੇ ਪੰਜਾਬੀ ਬਾਈਬਲ ਵਿਚ ਹੈ, ''ਕਿਵੇਂ ਆਇਆ?'' ਪਰ ਯਿਸੂ ਦੇ ਹਾਲਾਤ ਨੂੰ ਜਾਣਨ ਅਤੇ ਵਸ ਵਿਚ ਹੋਣ ਨੂੰ ਧਿਆਨ ਵਿਚ ਰੱਖਦਿਆਂ ਯੂਨਾਨੀ ਬਾਈਬਲ ਵਿਚ ਇਹ ਗੱਲ ਸੰਭਵ ਤੌਰ ਤੇ ਸਮਝ ਆ ਜਾਂਦੀ ਹੈ। ਯਿਸੂ ਯਹੂਦਾ ਤੋਂ ਇਹ ਪੁੱਛਣ ਦੀ ਥਾਂ ਕਿ ਉਹ ਕੀ ਕਰਨ ਆਇਆ ਸੀ, ਦਗਾਬਾਜ਼ੀ ਅਤੇ ਗਿਰਫ਼ਤਾਰੀ ਨਾਲ ਅੱਗੇ ਵੱਧਣ ਨੂੰ ਆਖ ਰਿਹਾ ਸੀ।[3]

## ਹਮਲੇ ਦੀ ਪਤਰਸ ਦੀ ਤਲਵਾਰ (26:51-54)

**[51]ਅਰ ਵੇਖੋ, ਯਿਸੂ ਦੇ ਨਾਲ ਦਿਆਂ ਵਿੱਚੋਂ ਇਕ ਨੇ ਹੱਥ ਵਧਾ ਕੇ ਆਪਣੀ ਤਲਵਾਰ ਧੂ ਲਈ ਅਤੇ ਸਰਦਾਰ ਜਾਜਕ ਦੇ ਨੌਕਰ ਨੂੰ ਮਾਰ ਕੇ ਉਹ ਦਾ ਕੰਨ ਉਡਾ ਦਿੱਤਾ। [52]ਤਦ ਯਿਸੂ ਨੇ ਉਹ ਨੂੰ ਆਖਿਆ, ਆਪਣੀ ਤਲਵਾਰ ਮਿਆਨ ਕਰ ਕਿਉਂ ਜੋ ਸਭ ਜੋ ਤਲਵਾਰ ਖਿੱਚਦੇ ਹਨ ਤਲਵਾਰ ਨਾਲ ਮਾਰੇ ਜਾਣਗੇ। [53]ਕੀ ਤੂੰ ਇਹ ਸਮਝਦਾ ਹੈਂ ਜੋ ਮੈਂ ਆਪਣੇ ਪਿਤਾ ਕੋਲੋਂ ਬੇਨਤੀ ਨਹੀਂ ਕਰ ਸਕਦਾ ਅਤੇ ਉਹ ਹੁਣੇ ਦੂਤਾਂ ਦੀਆਂ ਬਾਰਾਂ ਫੌਜਾਂ ਤੋਂ ਵਧੀਕ ਮੇਰੇ ਕੋਲ ਹਾਜ਼ਰ ਨਾ ਕਰੇਗਾ? [54]ਫੇਰ ਉਹ ਲਿਖਤਾਂ ਭਈ ਅਜਿਹਾ ਹੋਣਾ ਜਰੂਰੀ ਹੈ ਕਿੱਕੁਰ ਪੂਰੀਆਂ ਹੁੰਦੀਆਂ?**

**ਆਇਤ 51.** ਯਿਸੂ ਨੇ ਚੁਬਾਰੇ ਵਿਚ ਆਪਣੇ ਚੇਲਿਆਂ ਨੂੰ ਦੱਸਿਆ ਸੀ ਕਿ ਸਮਾਂ ਆ ਰਿਹਾ ਹੈ ਕਿ ‘‘ਜਿਹਦੇ ਕੋਲ ਤਲਵਾਰ ਨਾ ਹੋਵੇ ਸੋ ਆਪਣਾ ਲੀੜਾ ਵੇਚ ਕੇ ਮੁੱਲ ਲਵੇ’’ (ਲੂਕਾ 22:36)। ਚੁਬਾਰੇ ਵਾਲੇ ਕਮਰੇ ਵਿੱਚੋਂ ਉਨ੍ਹਾਂ ਦੇ ਜਾਣ ਤੋਂ ਥੋੜੀ ਦੇਰ ਪਹਿਲਾਂ, ‘‘ਉਹ ਬੋਲੇ, ਪ੍ਰਭੂ ਜੀ ਵੇਖ, ਇੱਥੇ ਦੋ ਤਲਵਾਰਾਂ ਹਨ ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, ਬਸ ਹੈ’’ (ਲੂਕਾ 22:38)।[4] ਹੁਣ ਲੂਕਾ 22:49 ਦੇ ਅਨੁਸਾਰ ਕੁਝ ਚੇਲਿਆਂ ਨੇ ਪੁੱਛਿਆ ਕਿ ਯਿਸੂ ਵੀ ਚਾਹੁੰਦਾ ਹੈ ਕਿ ਉਹ ‘‘ਤਲਵਾਰ ਚਲਾਉਣ।’’

ਜੋਸ਼ੀਲੇ ਪਤਰਸ ਨੇ ਪ੍ਰਭੂ ਦੇ ਸਵਾਲ ਦਾ ਜਵਾਬ ਦੇਣ ਦੀ ਉਡੀਕ ਨਹੀਂ ਕੀਤੀ (ਯੂਹੰਨਾ 18:10)। ਉਸ ਨੇ ਫੁਰਤੀ ਨਾਲ **ਤਲਵਾਰ** ਜਿਹੜੀ ਉਹਦੇ ਕੋਲ ਸੀ **ਧੂ ਲਈ ਅਤੇ ਸਰਦਾਰ ਜਾਜਕ ਦੇ ਨੌਕਰ ਨੂੰ ਮਾਰ** ਦਿੱਤੀ (ਮਲਖੁਸ; ਯੂਹੰਨਾ 18:10)। ਪਤਰਸ ਨੇ ਸੋਚਿਆ ਹੋਵੇਗਾ ਕਿ ਯਿਸੂ ਨੇ ਕਿਹਾ ਹੈ ਕਿ ਸਮਾਂ ਆ ਰਿਹਾ ਹੈ ਜਦ ਉਨ੍ਹਾਂ ਨੂੰ ਤਲਵਾਰ ਦੀ ਲੋੜ ਪਵੇਗੀ, ਇਸ ਕਰਕੇ ਯਕੀਨਨ ਹੀ ਉਸ ਨੇ ਉਨ੍ਹਾਂ ਤੋਂ ਇਸ ਦੀ ਵਰਤੋਂ ਕਰਵਾਉਣੀ ਚਾਹੀ ਹੋਵੇਗੀ। ਪਤਰਸ ਦੇ ਕੰਮ ਨੇ ਸਾਬਤ ਕਰ ਦਿੱਤਾ ਕਿ ਬਾਅਦ ਵਿਚ ਭਾਵੇਂ ਉਹ ਪਿੱਛੇ ਹੱਟ ਗਿਆ ਸੀ ਪਰ ਉਹਦੇ ਕਹਿਣ ਦਾ ਮਤਲਬ ਉਹੀ ਸੀ ਜੋ ਉਸ ਨੇ ਯਿਸੂ ਵਾਸਤੇ ਮਰਨ ਦੀ ਗੱਲ ਆਖੀ ਸੀ (26:35)। ਅਨੁਭਵੀ ਰੋਮੀ ਫੌਜੀਆਂ ਅਤੇ ਹੈਕਲ ਦੇ ਪਹਿਰੇਦਾਰਾਂ ਅੱਗੇ ਇੱਕ ਜਾਂ ਦੋ ਤਲਵਾਰਾਂ ਨੇ ਕੀ ਕਰ ਲੈਣਾ ਸੀ? ਪਤਰਸ ਤਾਂ ਅਸਲ ਵਿਚ ਪ੍ਰਭੂ ਲਈ ਮਰਨ ਵਾਸਤੇ ਤਿਆਰ ਸੀ।

ਤਲਵਾਰ ਕੱਢ ਕੇ ਪਤਰਸ ਨੇ *[ਮਲਖੁਸ ਦਾ]* **ਕੰਨ ਉਡਾ ਦਿੱਤਾ**। ਜੇ ਮਲੱਖੁਸ ਨੇ ਪਿੱਛੇ ਹਟਣ ਦੀ ਕੋਸ਼ਿਸ਼ ਨਾ ਕੀਤੀ ਹੁੰਦੀ ਤਾਂ ਇਹ ਹਮਲਾ ਜਾਨਲੇਵਾ ਹੋਣਾ ਸੀ ਕਿਉਂਕਿ ਪਤਰਸ ਦਾ ਨਿਸ਼ਾਨਾਂ ਉਸ ਦਾ ਸਿਰ ਰਿਹਾ ਹੋਵੇਗਾ। ਯਿਸੂ ਨੇ ਸਾਰਿਆਂ ਨੂੰ ਖ਼ਾਸਕਰ ਉਨ੍ਹਾਂ ਨੂੰ ਜਿਹੜੇ ਉਸ ਨੂੰ ਫੜਨ ਲਈ ਆਏ ਹੋਏ ਸਨ ਮਲਖੁਸ ਦਾ ਕੱਟਿਆ ਹੋਇਆ ਕੰਨ ਜੋੜ ਕੇ ਹੈਰਾਨ ਅਤੇ ਪਰੇਸ਼ਾਨ ਕਰ ਦਿੱਤਾ ਹੋਵੇਗਾ (ਲੂਕਾ 22:51)। ਇਸ ਮੋਅਜਜ਼ੇ ਦੇ ਰਾਹੀਂ ਉਸ ਨੇ ਰਸੂਲਾਂ ਦੀ ਜਾਨ ਬਚਾ ਲਈ ਹੋਵੇਗੀ।

**ਆਇਤ 52.** ਹਥਿਆਰ ਲਿਆਉਣ ਦੇ ਸੱਦੇ ਦੀ ਥਾਂ ਜਿਸ ਦੀ **ਯਿਸੂ** ਤੋਂ ਉਮੀਦ ਹੋਵੇਗੀ, ਪਤਰਸ ਪ੍ਰਭੂ ਦੀ ਝਿੜਕ ਸੁਣ ਕੇ ਕਿ **‘‘ਆਪਣੀ ਤਲਵਾਰ ਮਿਆਨ ਕਰ’’** ਹੱਕਾ ਬੱਕਾ ਰਹਿ ਗਿਆ ਹੋਵੇਗਾ। ਯਿਸੂ ਨੇ ਬਾਰ ਬਾਰ ਆਪਣੇ ਫੜਵਾਏ ਜਾਣ ਅਤੇ ਮੌਤ ਦੀ ਨਬੂਵਤ ਕੀਤੀ ਸੀ ਤਾਂ ਇਸ ਨੂੰ ਰੋਕਣ ਦੀ ਪਤਰਸ ਦੀ ਕੋਸ਼ਿਸ਼ ਬੇਕਾਰ ਸੀ। ਇਸ ਤੋਂ ਛੁਟ ਮਸੀਹ ਦਾ ਰਾਜ ਰੂਹਾਨੀ ਹੋਣਾ ਸੀ, ਭਾਵ ਉਸ ਦੇ ਚੇਲਿਆਂ ਨੂੰ ਲੜਨ ਦੀ ਕੋਈ ਲੋੜ ਨਹੀਂ ਸੀ (ਯੂਹੰਨਾ 18:38)।

ਯਿਸੂ ਨੇ ਪਤਰਸ ਨੂੰ ਆਖਿਆ, **‘‘ਕਿਉਂ ਜੋ ਸਭ ਜੋ ਤਲਵਾਰ ਖਿੱਚਦੇ ਹਨ ਤਲਵਾਰ ਨਾਲ ਮਾਰੇ ਜਾਣਗੇ।’’** ਰੌਬਰਟ ਐਚ. ਮਾਉਂਸ ਨੇ ਟਿੱਪਣੀ ਕੀਤੀ ਹੈ, ‘‘ਇਹ ਇਕ ਮੁਹਾਵਰਾ ਲੱਗਦਾ ਹੈ (ਤੁਲਣਾ ਉਤਪਤ 9:6 ਅਤੇ ਪ੍ਰਕਾਸ਼ ਦੀ ਪੋਥੀ 13:10) ਅਤੇ ਇਸ ਕਰਕੇ ਇਸ ਦੀ ਵਿਆਖਿਆ ਸੰਦਰਭ ਨੂੰ ਧਿਆਨ ਵਿਚ ਰੱਖਦਿਆਂ ਕੀਤੀ ਜਾਵੇਗੀ। ਇਹ ਆਮ ਨਿਯਮ ਨਹੀਂ ਹੈ, ਕਿ ਜਿਹੜਾ ਕਿਸੇ

ਵੀ ਸਮੇਂ ਬਚਾਅ ਦੇ ਕਾਰਜ ਦੀ ਮਨਾਹੀ ਕਰਦਾ ਹੈ।''[5] ਹੋਰਨਾਂ ਦੀ ਸਲਾਹ ਹੈ ਕਿ ਯਿਸੂ ਦੀ ਗੱਲ ਮੁਹਾਵਰੇ ਤੋਂ ਕਿਤੇ ਵਧ ਕੇ ਸੀ। ਉਹ ਇਹ ਮੰਨ ਲੈਂਦੇ ਹਨ ਕਿ ਇਹ ਯਸਾਯਾਹ ਦੀ ਅਰਾਮੀ ਤਰਗੁਮ ਤੋਂ ਲਿਆ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ, ''ਵੇਖੋ, ਤੁਸੀਂ ਸਭ ਜਿਹੜੇ ਅੱਗ ਬਾਲਦੇ ਹੋ, ਜਿਹੜੇ ਤਲਵਾਰ ਵੇਚਦੇ ਹੋ; ਜਾਓ, ਉਸ ਅੱਗ ਵਿਚ ਡਿੱਗ ਜਾਓ ਜਿਹੜੀ ਤੁਸਾਂ ਬਾਲੀ ਹੈ ਅਤੇ ਉਸੇ ਤਲਵਾਰ ਨਾਲ ਵੱਢੇ ਜਾਓ ਜਿਹੜੀ ਤੁਸਾਂ ਚੁੱਕੀ ਹੈ। ਮੇਰੀ ਗੱਲ ਤੋਂ ... ਤੁਹਾਨੂੰ ਇਹੀ ਮਿਲਿਆ ਹੈ ਕਿ ਤੁਸੀਂ ਆਪਣੀ ਬਰਬਾਦੀ ਵੱਲ ਮੁੜ ਜਾਓ।''[6] ਉਹ ਹੋਰ ਦੱਸਦੇ ਹਨ ਕਿ ਯਿਸੂ ਦੀ ਗਿਰਫ਼ਤਾਰੀ ਵਿਚ ਖ਼ੁਦਾ ਦੀ ਇੱਛਾ ਪੂਰੀ ਹੋ ਰਹੀ ਸੀ ਅਤੇ ਇਸ ਨੂੰ ਰੋਕਣ ਲਈ ਚੇਲੇ ਕੁਝ ਨਹੀਂ ਕਰ ਸਕਦੇ ਸਨ।[7]

**ਆਇਤ 53.** ਫਿਰ ਯਿਸੂ ਨੇ ਪੁੱਛਿਆ, **''ਕੀ ਤੂੰ ਇਹ ਸਮਝਦਾ ਹੈਂ ਜੋ ਮੈਂ ਆਪਣੇ ਪਿਤਾ ਕੋਲੋਂ ਬੇਨਤੀ ਨਹੀਂ ਕਰ ਸਕਦਾ ਅਤੇ ਉਹ ਹੁਣੇ ਦੂਤਾਂ ਦੀਆਂ ਬਾਰਾਂ ਫੌਜਾਂ ਤੋਂ ਵਧੀਕ ਮੇਰੇ ਕੋਲ ਹਾਜਰ ਨਾ ਕਰੇਗਾ?''** ਉਸ ਦੇ ਸਵਾਲ ਨੇ ਉਨ੍ਹਾਂ ਨੂੰ ਯਾਦ ਦੁਆਇਆ ਕਿ ਜੇ ਉਹ ਆਪਣੀ ਗਿਰਫ਼ਤਾਰੀ ਨੂੰ ਰੋਕਣਾ ਚਾਹੁੰਦਾ ਤਾਂ ਪਿਤਾ ਅੱਗੇ ਬੇਨਤੀ ਕਰਕੇ ਸੁਰਗੀ ਫੌਜਾਂ ਮੰਗ ਸਕਦਾ ਸੀ।[8] ਖ਼ੁਦਾ ਦੇ ਪੁੱਤਰ ਨੂੰ ਆਪਣੇ ਵੈਰੀਆਂ ਨੂੰ ਹਰਾਉਣ ਲਈ ਆਪਣੇ ਕਮਜ਼ੋਰ ਅਤੇ ਨਿਤਾਣੇ ਚੇਲਿਆਂ ਦੀ ਮਦਦ ਦੀ ਲੋੜ ਨਹੀਂ ਸੀ। ਉਸ ਨੂੰ ''ਕਿਸੇ ਇਨਸਾਨ ਦੀ ਬੇਲੋੜੀ ਕੋਸ਼ਿਸ਼ ਜਿਹੜਾ ਕਿਸੇ ਸੇਵਕ ਦਾ ਕੰਨ ਕੱਟਣ ਨਾਲੋਂ ਵਧੀਆ ਕੁਝ ਨਹੀਂ ਕਰ ਸਕਦਾ ਸੀ'' ਕਿਸੇ ਸਹਾਰੇ ਦੀ ਲੋੜ ਨਹੀਂ ਸੀ।[9]

ਯਿਸੂ ਨੇ ਫ਼ਰਿਸ਼ਤਿਆਂ ਦੀ ਗੱਲ ਉਨ੍ਹਾਂ ਸ਼ਬਦਾਂ ਵਿਚ ਦੱਸੀ ਜਿਸ ਨੂੰ ਚੇਲੇ ਅਸਾਨੀ ਨਾਲ ਸਮਝ ਸਕਦੇ ਸਨ। ਰੋਮੀ ਪਲਟਨ ਵਿਚ 6,000, ਦੇ ਕਰੀਬ ਸਿਪਾਹੀ ਹੁੰਦੇ ਸਨ ਜੋ ਕਿ ਤਾਕਤਵਰ ਲੋਕਾਂ ਦੀ ਵੱਡੀ ਫੌਜ ਸਨ, ਸੋ ਬਾਰਾਂ ਪਲਟਨਾਂ ਜਾਂ ਫੌਜਾਂ ਵਿਚ 72,000 ਦੇ ਕਰੀਬ ਫ਼ਰਿਸ਼ਤੇ ਹੋਣੇ ਸਨ ਜੋ ਕਿ ਇਕ ਬਹੁਤ ਤਾਕਤਵਰ ਫੌਜ ਹੋਣੀ ਸੀ।[10] ਯਿਸੂ ਨੂੰ ਫੜ੍ਹਨ ਲਈ ਭੇਜੀ ਗਈ ਰੋਮੀ ਫੌਜ ਅਤੇ ਯਹੂਦੀ ਹੈਕਲ ਦੇ ਪਹਰੇਦਾਰਾਂ ਨੇ ਅਜਿਹੀ ਫੌਜ ਤੋਂ ਝੱਟ ਅਤੇ ਨਿਰਣਾਇਕ ਢੰਗ ਨਾਲ ਹਾਰ ਜਾਣਾ ਸੀ।

ਯਿਸੂ ਨੇ ਆਪਣੇ ਪਿਤਾ ਦੀ ਇੱਛਾ ਨੂੰ ਪੂਰਾ ਕਰਨ ਦਾ ਇਰਾਦਾ ਕੀਤਾ ਹੋਇਆ ਸੀ ਅਤੇ ਉਹ ਸਲੀਬੀ ਮੌਤ ਤਕ ਹੁਕਮ ਮੰਨਦੇ ਹੋਏ ਆਪਣੇ ਆਪ ਨੂੰ ਉਸ ਦੇ ਸਪੁਰਦ ਕਰ ਰਿਹਾ ਸੀ। ਉਸ ਨੇ ਫ਼ਰਿਸ਼ਤਿਆਂ ਨੂੰ ਆਪਣੀ ਗਿਰਫ਼ਤਾਰੀ ਨੂੰ ਰੋਕਣ ਲਈ ਨਹੀਂ ਸੱਦਣਾ ਸੀ। ਫ਼ਰਿਸ਼ਤਿਆਂ ਦਾ ਆਉਣਾ ਨਿਆਂ ਵਾਲੇ ਦਿਨ ਲਈ ਠਹਿਰਾਇਆ ਗਿਆ ਸੀ, ਜਿਸ ਦਿਨ ਉਹ ਮਸੀਹ ਦੇ ਨਾਲ ਹੋਣਗੇ ਅਤੇ ਦੁਸ਼ਟਾਂ ਨੂੰ ਧਰਮੀਆਂ ਤੋਂ ਅੱਡ ਕਰਨਗੇ (13:41; 16:27; 24:31; 25:31)।

**ਆਇਤ 54.** ਜੇ ਯਿਸੂ ਲੜਾਈ ਕਰਨਾ ਚਾਹੁੰਦਾ ਤਾਂ ਉਹ ਜ਼ਬਰਦਸਤ ਤਾਕਤ ਅਤੇ ਸ਼ਕਤੀ ਦੀ ਵਰਤੋਂ ਕਰ ਸਕਦਾ ਸੀ ਪਰ ਇਸ ਨਾਲ **ਲਿਖਤਾਂ** ਦੀਆਂ ਗੱਲਾਂ **ਪੂਰੀਆਂ** ਨਾ ਹੁੰਦੀਆਂ। ਪੁਰਾਣੇ ਨੇਮ ਦਾ ਯਿਸੂ ਦਾ ਹਵਾਲਾ ਆਮ ਗੱਲ ਹੈ ਕਿਉਂਕਿ ਉਸ ਨੇ ਕਿਸੇ ਖ਼ਾਸ ਆਇਤ ਦੀ ਗੱਲ ਨਹੀਂ ਕੀਤੀ ਸੀ। ਸ਼ਾਇਦ ਉਸ ਦੇ ਮਨ ਵਿਚ ਅਜੇ ਵੀ ਜ਼ਕਰਯਾਹ 13:7 ਸੀ ਕਿ ''ਮੈਂ ਅਯਾਲੀ ਨੂੰ ਮਾਰਾਂਗਾ ਅਤੇ ਇੱਜੜ ਦੀਆਂ ਭੇਡਾਂ ਖਿੱਲਰ ਜਾਣਗੀਆਂ'' (26:31)। ਉਸ ਨੇ ਅਖ਼ੀਰ ਵਿਚ ਸਲੀਬੀ ਮੌਤ ਦੀ ਗੱਲ ਕੀਤੀ ਹੋਵੇਗੀ (ਵੇਖੋ ਜ਼ਬੂਰ 22:16–18; ਯਸਾਯਾਹ 53:4–12)।

## ਭੀੜ ਨੂੰ ਯਿਸੂ ਦੀ ਝਿੜਕ (26:55, 56)

**[55]ਉਸੇ ਵੇਲੇ ਯਿਸੂ ਨੇ ਉਸ ਭੀੜ ਨੂੰ ਆਖਿਆ, ਤਲਵਾਰਾਂ ਅਤੇ ਡਾਂਗਾਂ ਫੜੀ ਕੀ ਤੁਸੀਂ ਮੈਨੂੰ ਡਾਕੂ ਵਾਂਙੁ ਫੜਨ ਨੂੰ ਨਿੱਕਲੇ ਹੋ? ਮੈਂ ਰੋਜ਼ ਹੈਕਲ ਵਿਚ ਬੈਠ ਕੇ ਉਪਦੇਸ਼ ਦਿੰਦਾ ਸਾਂ ਅਤੇ ਤੁਸਾਂ ਮੈਨੂੰ ਨਾ ਫੜਿਆ। [56]ਪਰ ਇਹ ਸੱਭੋ ਕੁਝ ਇਸ ਲਈ ਹੋਇਆ ਜੋ ਨਬੀਆਂ ਦੀਆਂ ਲਿਖਤਾਂ ਪੂਰੀਆਂ ਹੋਣ। ਤਦ ਸਾਰੇ ਚੇਲੇ ਉਹ ਨੂੰ ਛੱਡ ਕੇ ਭੱਜ ਗਏ।**

**ਆਇਤ 55. ਯਿਸੂ ਨੇ** ਇਹ ਪੁੱਛਦਿਆਂ ਕਿ ਉਹ **ਤਲਵਾਰਾਂ ਅਤੇ ਡਾਂਗਾਂ ਫੜੀ** ਉਸ ਨੂੰ ਫੜਨ ਕਿਉਂ ਆਏ ਹਨ ਜਿਵੇਂ ਕਿਸੇ **ਡਾਕੂ** ਨੂੰ ਫੜਨ ਆਏ ਹੋਣ, ਆਪਣਾ ਮੂੰਹ **ਭੀੜ** ਵੱਲ ਨੂੰ ਕੀਤਾ। ''ਡਾਕੂ'' (*leistes*) ਸ਼ਬਦ ਤੋਂ ਭਾਵ ''ਬਦਮਾਸ਼'' ਜਾਂ ''ਲੁਟੇਰਾ'' ਹੋ ਸਕਦਾ ਹੈ (21:13; ਲੂਕਾ 10:30, 36; ਯੂਹੰਨਾ 10:1, 8; 2 ਕੁਰਿੰਥੀਆਂ 11:26)। ਅਜਿਹਾ ਚੋਰ ਖੂਨ ਖਰਾਬੇ ਅਤੇ ਜ਼ਬਰਦਸਤੀ ਕਰਨ ਤੋਂ ਝਕਦਾ ਨਹੀਂ ਸੀ।[11] ਜੇ ਯਿਸੂ ਅਜਿਹਾ ਸ਼ਖ਼ਸ ਹੁੰਦਾ ਤਾਂ ''ਤਲਵਾਰਾਂ ਅਤੇ ਲਾਠੀਆਂ'' ਲਿਆਉਣਾ ਸਹੀ ਹੋਣਾ ਸੀ। ਪਰ ਉਹ ਤਾਂ ਸ਼ਾਂਤੀ ਪਸੰਦ ਆਦਮੀ ਸੀ।

*Leistes* ਸ਼ਬਦ ਤੋਂ ਭਾਵ ''ਬਾਗੀ'' ਜਾਂ ''ਕ੍ਰਾਂਤੀਕਾਰੀ'' ਵੀ ਹੋ ਸਕਦਾ ਹੈ। ਜੋਸੇਫ਼ਸ ਨੇ ਜੇਲੋਤੇਸਾਂ ਲਈ ਜਿਨ੍ਹਾਂ ਨੇ ਰੋਮੀ ਹਕੂਮਤ ਦੇ ਖ਼ਿਲਾਫ਼ ਬਗਾਵਤ ਕੀਤੀ ਸੀ, ਇਸੇ ਸ਼ਬਦ ਦੀ ਵਰਤੋਂ ਕੀਤੀ। ਇਹ ਲੋਕ ਜਿਨ੍ਹਾਂ ਵਿੱਚੋਂ ਕੁਝ ਆਪਣੇ ਆਪ ਨੂੰ ਮਸੀਹਾ ਐਲਾਨਦੇ ਸਨ, ਆਮ ਤੌਰ ਤੇ ਆਪਣੇ ਹੀ ਲੋਕਾਂ ਤੋਂ ਉਹ ਖੋਹ ਲੈਂਦੇ ਸਨ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੁੰਦੀ ਸੀ।[12] ਬਰਅੱਬਾ ਲਈ ਜਿਸ ਨੂੰ ਯਿਸੂ ਦੀ ਥਾਂ ਚੁਣਿਆ ਗਿਆ ਸੀ (ਯੂਹੰਨਾ 18:40), ਅਤੇ ਹੋਰ ਦੋ ਜਣਿਆ ਲਈ ਜਿਹੜੇ ਯਿਸੂ ਦੇ ਦੋਵੇਂ ਪਾਸੇ ਸਲੀਬ ਚੜ੍ਹਾਏ ਗਏ ਸਨ (27:38, 44), ਇਸੇ ਸ਼ਬਦ ਦੀ ਵਰਤੋਂ ਹੋਈ। ਇਹ ਮੰਨ ਲਿਆ ਗਿਆ ਹੈ ਕਿ ਇਹ ਤਿੰਨੇ ਜਣੇ ਬਾਗੀ ਸਨ। ਸ਼ਾਇਦ ਯਿਸੂ ਇਹ ਸਾਫ਼ ਕਰ ਰਿਹਾ ਸੀ ਕਿ ਉਹ ਇਨ੍ਹਾਂ ਵਿੱਚੋਂ ਨਹੀਂ ਸੀ, ਕਿਉਂਕਿ ਉਸਦਾ ਰਾਜ ਇਸ ਜਗਤ ਦਾ ਨਹੀਂ ਸੀ। ਉਹ ਰੋਮ ਦੇ ਖ਼ਿਲਾਫ਼ ਬਗਾਵਤ ਨਹੀਂ ਕਰ ਰਿਹਾ ਸੀ, ਇਸ ਕਰਕੇ ਇਨ੍ਹਾਂ ਸਿਪਾਹੀਆਂ ਅਤੇ ਯਾਜਕਾਂ ਲਈ ਜਿਹੜੇ ਉਸ ਨਿਹੱਥੇ ਨੂੰ ਫੜਨ ਲਈ ਆਏ ਸਨ, ਤਲਵਾਰਾਂ ਅਤੇ ਲਾਠੀਆਂ ਲਿਆਉਣ ਦਾ ਕੋਈ ਤੁਕ ਨਹੀਂ ਸੀ।

ਗੁਪਤ ਢੰਗ ਨਾਲ ਲੁੱਟਣ ਵਾਲਾ ਜਾਂ ਬਾਗੀ ਹੋਣ ਦੇ ਉਲਟ ਯਿਸੂ ਆਪਣੀ ਸੇਵਕਾਈ ਸਾਰਿਆਂ ਦੇ ਸਾਹਮਣੇ ਕਰਦਾ ਰਿਹਾ। ਉਸ ਨੇ ਆਖਿਆ, **''ਮੈਂ ਰੋਜ ਹੈਕਲ ਵਿਚ ਬੈਠ ਕੇ ਉਪਦੇਸ਼ ਦਿੰਦਾ ਸਾਂ ਅਤੇ ਤੁਸਾਂ ਮੈਨੂੰ ਨਾ ਫੜਿਆ।''** ਉਨ੍ਹਾਂ ਨੇ ਉਸ ਨੂੰ ਇਸ ਕਰਕੇ ਨਹੀਂ ਫੜਿਆ ਸੀ ਕਿਉਂ ਜੋ ਉਹ ਲੋਕਾਂ ਤੋਂ ਡਰਦੇ ਸਨ (21:46; ਵੇਖੋ 14:5; 21:26)। ਯਿਸੂ ਦੇ ਕਹਿਣ ਤੋਂ ਭਾਵ ਸ਼ਾਇਦ ਇਹ ਸੀ ਕਿ ਉਸਦਾ ਵਿਰੋਧ ਕਰਨ ਵਾਲੇ ਹਨੇਰੇ ਦਾ ਫ਼ਾਇਦਾ ਚੁੱਕ ਉਸ ਨੂੰ ਫੜਨ ਲਈ ਗੁੱਪਤ ਢੰਗ ਨਾਲ ਆ ਕੇ ਉਨ੍ਹਾਂ ਲੁਟੇਰਿਆਂ ਵਰਗਾ ਕੰਮ ਕਰ ਰਹੇ ਸਨ।

**ਆਇਤ 56.** ਉਨ੍ਹਾਂ ਦਾ ਖੂਨ ਖ਼ਰਾਬਾ ਭਾਵੇਂ ਬੇਤੁਕਾ ਸੀ, ਪਰ ਯਿਸੂ ਨੂੰ ਪਤਾ ਸੀ ਕਿ ਇਹ ਜ਼ਰੂਰੀ ਸੀ, ਕਿਉਂ ਜੋ **''ਪਰ ਇਹ ਸੱਭੋ ਕੁਝ ਇਸ ਲਈ ਹੋਇਆ ਜੋ ਨਬੀਆਂ ਦੀਆਂ ਲਿਖਤਾਂ ਪੂਰੀਆਂ ਹੋਣ।''** ਉਸ ਦੇ ਮਨ ਵਿਚ ਯਸਾਯਾਹ 53 ਹੋਵੇਗਾ, ਜਿਸ ਵਿਚ ਨਬੂਵਤ ਕੀਤੀ ਗਈ ਸੀ ਕਿ ਦੁਖੀ ਸੇਵਕ ''ਲੇਲੇ ਵਾਂਗੂ ਜਿਹੜਾ ਕੱਟੇ ਜਾਣ ਲਈ'' ਅਤੇ ''ਅਪਰਾਧੀਆਂ ਨਾਲ ਗਿਣਿਆ'' ਜਾਣਾ ਸੀ (ਯਸਾਯਾਹ 53:7, 12)।

ਜਦ ਸਿਪਾਹੀਆਂ ਨੇ ਯਿਸੂ ਨੂੰ ਗਿਰਫ਼ਤਾਰ ਕਰ ਲਿਆ ਤਾਂ ਜਿਵੇਂ ਉਸ ਨੇ ਨਬੂਵਤ ਕੀਤੀ ਸੀ **ਤਦ ਸਾਰੇ ਚੇਲੇ ਉਹ ਨੂੰ ਛੱਡ ਕੇ ਭੱਜ ਗਏ** (26:31 ਤੇ ਟਿੱਪਣੀਆਂ ਵੇਖੋ)। ਉਹ ਇਸ ਗੱਲ ਤੋਂ ਨਿਰਾਸ਼ ਸਨ ਕਿ ਯਿਸੂ ਨੇ ਆਪਣੇ ਵੈਰੀਆਂ ਨੂੰ ਭਜਾਉਣ ਅਤੇ ਉਨ੍ਹਾਂ ਦੀ ਪਕੜ ਤੋਂ ਬਚਣ ਲਈ ਮੋਅਜਜ਼ੇ ਕਰਨ ਦੀ ਆਪਣੀ ਸ਼ਕਤੀ ਦੀ ਵਰਤੋਂ ਨਹੀਂ ਕੀਤੀ। ਘਬਰਾਏ ਅਤੇ ਪਰੇਸ਼ਾਨ ਚੇਲੇ ਭੱਜ ਗਏ।

---

ਟਿੱਪਣੀਆਂ

[1]ਦੀਵੇ ਅਤੇ ਮਸਾਲਾਂ ਦੇ ਹੋਣ ਦੇ ਇਲਾਵਾ ''ਪਸਾਹ ਦੇ ਪੂਰਨਮਾਸੀ ਨੇ ਰਾਤ ਨੂੰ ਇਸ ਕਾਰਵਾਈ ਵਿਚ ਮਦਦ ਕੀਤੀ ਹੋਵੇਗੀ'' (ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 2, ਦ ਲਿਵਿੰਗ ਵਰਡ

ਕਮੈਂਟਰੀ [ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976], 150)। [2]ਰੌਬਰਟ ਐਚ. ਮਾਉਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 1991), 244. [3]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1992), 674. [4]ਸੁਝਾਅ ਦਿੱਤਾ ਗਿਆ ਹੈ ਕਿ ਯਿਸੂ ਆਪਣੇ ਚੇਲਿਆਂ ਨੂੰ ਚਿਤਾਵਨੀ ਦਿੰਦਿਆਂ ਕਿ ਉਨ੍ਹਾਂ ਦੇ ਅੱਗੇ ਖ਼ਤਰਨਾਕ ਸਮੇਂ ਹਨ, ਪਰਤੀਤ ਦੀ ਭਾਸ਼ਾ ਵਰਤ ਰਿਹਾ ਸੀ। ਪਰ ਲਗਦਾ ਹੈ ਕਿ ਉਸਦਾ ਇਰਾਦਾ ਲੋੜ ਪੈਣ ਤੇ ਆਪਣੇ ਬਚਾਅ ਵਿਚ ਤਲਵਾਰਾਂ ਦੀ ਵਰਤੋਂ ਕਰਨ ਦਾ ਸੀ। [5]ਮਾਉਂਸ, 245. [6]ਡਬਲਯੂ. ਐਫ਼. ਅਲਬ੍ਰਾਈਟ ਅਤੇ ਸੀ. ਐਸ. ਮਨ, *ਮੈਥਿਊ,* ਐਂਕਰ ਬਾਈਬਲ (ਗਾਰਡਨ ਸਿਟੀ, ਨਿਊ ਯਾਰਕ: ਡਬਲਡੇ ਐਂਡ ਕੰ. 1971), 329. ਉਨ੍ਹਾਂ ਨੇ ਹੰਸ ਕੋਸਮਾਲਾ, ''ਦਸ ਟੂਟ ਜ਼ੁ ਮੇਨਮ ਗੇਡਾਖਨਿਸ,'' *ਨੋਵੁਮ ਟੈਸਟਾਮੈਂਟਮ* 4 ( ਅਪ੍ਰੈਲ 1960): 81–95 ਦਾ ਹਵਾਲਾ ਦਿੱਤਾ। [7]ਉਹੀ। [8]ਕੁਝ ਦੇਰ ਪਹਿਲਾਂ ਗਥਸਮਨੀ ਵਿਚ ਅਜਿਹੀ ਹੀ ਫ਼ਰਿਸ਼ਤੇ ਨੇ ਉਸ ਨੂੰ ਸ਼ਕਤੀ ਦਿੱਤੀ ਸੀ (ਲੂਕਾ 22:43)। [9]ਮੌਰਿਸ, 676. [10]''ਬਾਰਾਂ'' ਅੰਕ ਦਾ ਮਹੱਤਵ ਹੈ; ਹਰ ਬੰਦੇ ਦੇ ਲਈ ਇਕ ਪਲਟਣ ਹੋਣੀ ਸੀ (ਯਿਸੂ ਨਾਲ ਗਿਆਰਾਂ ਹੋਰ ਰਸੂਲ)।

[11]ਆਮ ''ਚੋਰ'' ਲਈ ਸ਼ਬਦ (***kleptes***)। [12]*ਥਿਉਲੌਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੰਪਾ. ਗਰਹਰਡ ਕਿੱਟਲ ਐਂਡ ਗਰਹਰਡ ਫ੍ਰੈਡ੍ਰਿਕ abr. ਅਤੇ ਅਨੁ. ਜਿਓਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1985), 532 ਵਿਚ ਕੇ. ਐਚ. ਰੇਂਗਸਟ੍ਰੋਫ਼, ''***lestes.***''